# JIYA LAL MITTAL DAV PUBLIC SCHOOL

**GRADE – VII SA-I Exam (Sept, 2015)**

**SUBJECT – PUNJABI**

**TIME:3hrs MM: 90**

## ਭਾਗ-ੳ ਪਾਠ-ਪੁਸਤਕ

**1) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਸਰਲ ਅਰਥ ਕਰੋ :-** (5)

(ੳ) ''ਸ਼ਰਧਾ ਅਤੇ ਪਿਆਰ ਦੇ ਸਦਕਾਂ,
ਜੋ ਵੀ ਸੀਸ ਨਿਵਾਉਂਦਾ ਏਥੇ ।
ਝੋਲੀਆਂ ਭਰ-ਭਰ ਜਾਂਦਾ ਇਥੋਂ ,
ਮਨ-ਚਿੰਦਿਆਂ ਫ਼ਲ ਪਾਉਂਦਾ ਇੱਥੇ ।

(ਅ) 'ਮਾਂ-ਬੋਲੀ ਪੰਜਾਬੀ' ਜਾਂ 'ਪਹਿਲ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। (5)

**2) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਵਾਕਾਂ ਵਿੱਚ ਦਿਉ ।(ਕੋਈ ਪੰਜ)**

(ੳ) ਹਰੀਆ ਕੌਣ ਸੀ ? ਰਾਮ ਸਿੰਘ ਨੇ ਉਸ ਦੀ ਮਦਦ ਕਿਵੇਂ ਕੀਤੀ ?

(ਅ) ਮਹਾਤਮਾ ਬੁੱਧ ਦੇ ਮਾਤਾ-ਪਿਤਾ 'ਤੇ ਉਸਦੇ ਬਚਪਨ ਬਾਰੇ ਲਿਖੋ ।

(ੲ) ਜੰਗਲ ਕਿਹੋ-ਜਿਹਾ ਸੀ ? ਉਸ ਬਾਰੇ 4-5 ਵਾਕ ਲਿਖੋ ।

(ਸ) ਅਰਥੀ ਨੂੰ ਦੇਖ ਕੇ ਪੁੱਛਣ 'ਤੇ ਚੰਨੇ ਨੇ ਕੀ ਜਵਾਬ ਦਿੱਤਾ ?

(ਹ) ਸਰੂਪ ਨਖਾ ਕੌਣ ਸੀ ? ਉਸਨੇ ਲਛਮਣ ਜੀ ਨੂੰ ਕੀ ਕਿਹਾ ਤੇ ਲਛਮਣ ਜੀ ਨੇ ਕੀ ਕੀਤਾ ?

(ਕ) ਭੀਲਣੀ ਨੇ ਸ੍ਰੀ ਰਾਮ ਜੀ ਨੂੰ ਬੇਰ ਕਿਵੇਂ ਖੁਆਏ?

(ਖ) ਰਾਮ ਸਿੰਘ ਨੂੰ ਲੋਕ ਰਾਮੂ ਕਿਉ ਕਹਿ ਕੇ ਬੁਲਾਉਣ ਲੱਗੇ ?

**(5X2=10)**

**3) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਵਾਕਾ ਵਿੱਚ ਦਿਓ:**

(ੳ) ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਦੋਂ 'ਤੇ ਕਿਹੜੇ ਦਿਨ ਕੀਤੀ?

(ਅ) ਜਲੰਧਰ ਦੇ ਬਜ਼ਾਰ ਵਿੱਚ ਸਜਾਵਟ ਲਈ ਕੀ ਕੁੱਝ ਲੱਗਾ ਹੋਇਆ ਸੀ?

(ੲ) 25 ਦਸੰਬਰ ਵਾਲ੍ਹੇ ਦਿਨ ਕੀ ਹੋਇਆ ਸੀ ?

(ਸ) ਰਮੇਸ਼ ਆਪ ਕਿਹੋ-ਜਿਹਾ ਲੜਕਾ ਸੀ ?
(ਹ) ਔਰੰਗਜੇਬ ਕੌਣ ਸੀ ?
(ਕ) ਰਮੇਸ਼ ਦੇ ਪਿਤਾ ਜੀ ਨੇ ਕਿਸ ਦੀ ਮਦਦ ਕੀਤੀ ਸੀ ਅਤੇ ਕਿਉਂ ਕੀਤੀ?
(ਖ) ਈਸਾ ਆਪਣੇ ਆਪ ਨੂੰ ਕਿਸ ਦਾ ਪੁੱਤਰ ਅਖਵਾਉਂਦਾ ਸੀ ?
(ਗ) ਪਹਿਲੀ ਵਾਰੀ ਗੁਰੂ ਜੀ ਦੀ ਮੰਗ ਕਿਸਨੇ ਪੂਰੀ ਕੀਤੀ ? ਉਹ ਕਿਸ ਜਾਤ ਦਾ ਸੀ ?
(ਘ) ਮੰਜੂ ਨੇ ਸਕੂਲ ਵਿੱਚ ਕਿਸ ਦਾ ਚਿੱਤਰ ਬਣਾਇਆ ?
(ਙ) ਗੁਰੂ ਜੀ ਨੇ ਮਿਆਨ ਵਿਚੋਂ ਤਲਵਾਰ ਕੱਢ ਕੇ ਲੋਕਾਂ ਨੂੰ ਕੀ ਕਿਹਾ ?
(ਚ) ਸੋਨੇ ਦਾ ਹਿਰਨ ਕੌਣ ਬਣਿਆ ?
(ਛ) ਸ੍ਰੀ ਰਾਮ ਜੰਗਲ ਵਿੱਚ ਕੀ ਕਰਨ ਆਏ ਸਨ ? **(12X1=12)**

4) **ਕਿਸੇ ਇੱਕ ਕਹਾਣੀ ਦਾ ਸਾਰ ਲਿਖੋ ।** (5)

ਧਨ ਦਾ ਨਸ਼ਾ

ਜਾਂ

ਖਾਲਸਾ ਪੰਥ ਦੀ ਸਾਜਨਾ

5) **ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖ ਕੇ ਵਾਕ ਬਣਾਓ:** **(4)**

(ੳ) ਘ੍ਰਿਣਾ (ਅ) ਕਦਰ
(ੲ) ਨਿਰਦਈ (ਸ) ਜ਼ਬਰੀ

6) **ਖਾਲੀ ਥਾਂਵਾਂ ਭਰੋ :-** (4)

(ੳ) ਵਿਦਿਆ ਸਾਗਰ ਜੀ ________ ਦੇ ਰਹਿਣ ਵਾਲੇ ਸਨ ।
(ਅ) ਰਾਮ ਸਿੰਘ ਨੇ ਹਰੀ ਰਾਮ ਨੂੰ ________ ਰੁਪਏ ਦਿੱਤੇ ।
(ੲ) ਮਹਾਤਮਾ ਬੁੱਧ ਦਾ ਜਨਮ ________ ਘਰਾਣੇ ਵਿੱਚ ਹੋਇਆ ।
**(ਸ)** ਰਮੇਸ਼ ਨੇ ਇੱਕ ਦਫ਼ਤਰ ਵਿੱਚ ________ ਕਰ ਲਈ ।

## ਭਾਗ-ਅ (ਵਿਆਕਰਨ)

7) **ਹੇਠ ਲਿਖੇ ਪ੍ਰਸ਼ਨਾਂ ਦੇ ਉਤੱਰ ਇੱਕ-ਦੋ ਵਾਕਾਂ ਵਿੱਚ ਦਿਉ ।**

(ੳ) ਸ਼ਬਦ-ਬੋਧ ਦੀ ਪਰਿਭਾਸ਼ਾ ਲਿਖੋ ।
(ਅ) ਮੋਖਿਕ (ਬੋਲ-ਚਾਲ) ਭਾਸ਼ਾ ਕੀ ਹੈ ?
(ੲ) ਭਾਸ਼ਾ ਜਾਂ ਬੋਲੀ ਕੀ ਹੈ ? ਇਸ ਦੀਆਂ ਕਿੰਨੀਆਂ ਕਿਸਮਾਂ ਹਨ ?
(ਸ) ਉਪ-ਬੋਲੀ ਕੀ ਹੈ ? ਪੰਜਾਬ ਦੀਆਂ ਕੋਈ ਤਿੰਨ ਉਪ-ਬੋਲੀਆਂ ਦੇ ਨਾਂ ਲਿਖੋ ।
(ਹ) ਸ਼ਬਦ ਕਿੰਨੇ ਪ੍ਰਕਾਰ ਦੇ ਹੰਦੇ ਹਨ ? ਨਾਮ ਵੀ ਲਿਖੋ । **(5X1=5)**

8) **ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ :-** **(5)**

(ੳ) ਪਟਵਾਰੀ (ਅ) ਮਾਸਟਰ (ੲ) ਲੜਕੀ
(ਸ) ਭਤੀਜੀ (ਹ) ਜੇਠ

9) **ਵਚਨ ਬਦਲੋ :-** (5)

(ੳ) ਸੰਤਰਾ (ਅ) ਦਵਾਤਾਂ (ੲ) ਕੁੜੀ
(ਸ) ਜੰਗਲਾਂ (ਹ) ਬਸਤਾ

10) **ਸ਼ਬਦਾਂ ਨੂੰ ਸ਼ੁੱਧ ਕਰੋ :-** (5)

(ੳ) ਮੇਹਰਬਾਨੀ (ਅ) ਦਸ਼ੈਹਰਾ (ੲ) ਸੌਹਰਾ
(ਸ) ਸ਼ੈਹਰ (ਹ) ਆਜ਼ਾਦ

11) **ਨਾਂਵ ਦੀ ਪਰਿਭਾਸ਼ਾ ਅਤੇ ਉਸਦੀਆਂ ਕਿਸਮਾਂ ਬਾਰੇ ਲਿਖੋ।**

**ਜਾਂ** (5)

**ਵਿਸ਼ੇਸਣ ਕੀ ਹਨ? ਇਸਦੀਆਂ ਕਿਸਮਾਂ ਵੀ ਉਦਾਹਰਨਾਂ ਸਹਿਤ ਲਿਖੋ ।**

12) **ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ :** (5)

(ੳ) ਇੱਟ ਕੁੱਤੇ ਦਾ ਵੈਰ
(ਅ) ਆਪਣਾ ਉੱਲੂ ਸਿੱਧਾ ਕਰਨਾ
(ੲ) ਉਸਤਾਦੀ ਕਰਨੀ
(ਸ) ਅੱਖ ਲੱਗਣੀ
(ਹ) ਅੱਖਾਂ ਮੀਟ ਜਾਣਾ

13) ਕਿਸੇ ਇੱਕ ਲੇਖ 'ਤੇ ਆਪਣੇ ਸ਼ਬਦਾਂ ਵਿੱਚ ਨੋਟ ਲਿਖੋ :- (7)

ਮੇਰੇ ਜੀਵਨ ਦਾ ਉਦੇਸ਼
ਜਾਂ
ਟੀ.ਵੀ. ਵੇਖਣ ਦੇ ਲਾਭ ਤੇ ਹਾਨੀਆਂ

14) ਭੈਣ ਦੇ ਵਿਆਹ 'ਤੇ ਮਿੱਤਰ ਜਾਂ ਸਹੇਲੀ ਨੂੰ ਸੱਦਾ ਪੱਤਰ ।
ਜਾਂ

ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਪ੍ਰਿੰਸੀਪਲ ਸਾਹਿਬ ਨੂੰ ਇੱਕ ਪੱਤਰ ਲਿਖੋ । (5)

15) ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ । (3)

ਪੰਜ ਦਰਿਆਵਾਂ ਵਾਲਾ ਪੰਜਾਬ ਵੰਡਿਆਂ ਗਿਆ । ਇਸਦਾ ਪੱਛਮੀ ਹਿੱਸਾ ਪਾਕਿਸਤਾਨ ਵਿੱਚ ਚਲਾ ਗਿਆ ਤੇ ਪੂਰਬੀ ਹਿੱਸਾ ਭਾਰਤ ਵਿੱਚ ਰਹਿ ਗਿਆ । ਵੰਡ ਤੋਂ ਪਹਿਲਾ ਪੰਜਾਬ ਦੀ ਰਾਜਧਾਨੀ ਲਾਹੌਰ ਸੀ । ਲਾਹੌਰ ਪਾਕਿਸਤਾਨ ਵਿੱਚ ਰਹਿਣ ਕਾਰਨ ਭਾਰਤੀ ਪੰਜਾਬ ਨੂੰ ਰਾਜਧਾਨੀ ਦੀ ਲੋੜ ਸੀ। ਇਸ ਲੋੜ ਨੂੰ ਪੂਰਾ ਕਰਨ ਲਈ ਚੰਡੀਗੜ੍ਹ ਦੀ ਲੋੜ ਪਈ । ਨਕਸ਼ੇ ਮੁਤਾਬਕ ਇਸ ਸ਼ਹਿਰ ਨੂੰ 47 ਸੈਕਟਰਾਂ ਵਿੱਚ ਵੰਡਿਆਂ ਗਿਆ । ਚੰਡੀਗੜ ਸੰਸਾਰ ਦੇ ਬਹੁਤ ਸੁੰਦਰ ਸ਼ਹਿਰ ਵਿੱਚੋਂ ਇੱਕ ਹੈ । ਸ਼ਹਿਰ ਦੇ ਉੱਤਰ ਵੱਲ ਵਿਧਾਨ ਸਭਾ ਭਵਨ ਅਤੇ ਸਕੱਤਰੇਤ ਦੀ ਵਿਸ਼ਾਲ ਇਮਾਰਤ ਹੈ ।

(ੳ) ਚੰਡੀਗੜ੍ਹ ਦੇ ਉੱਤਰ ਵਾਲੇ ਪਾਸੇ ਕਿਹੜੀ ਇਮਾਰਤ ਹੈ ?

(ਅ) ਪੰਜਾਬ ਦਾ ਪੱਛਮੀ ਹਿੱਸਾ ਕਿੱਥੇ ਚਲਾ ਗਿਆ ?

(ੲ) ਚੰਡੀਗੜ੍ਹ ਵਸਾਉਣ ਦੀ ਲੋੜ ਕਿਉ ਪਈ ?